# ਕਰਾਇਸਸ ( ਸੰਕਟ ਕਾਲ ) ਸੈਂਟਰ - ਕੀ ਤੁਹਾਨੂੰ ਸਾਡੀ ਜ਼ਰੂਰਤ ਹੈ ?

## ਘਰ ਹਿੰਸਾ ਦੇ ਅਖਾੜੇ ਦੇ ਰੂਪ ਵਿੱਚ

ਕਈ ਔਰਤਾਂ ਲਈ ਘਰ ਹਿੰਸਾ ਦਾ ਅਖਾੜਾ, ਹਮਲੇ ਦੀ ਅਤੇ ਮਨੁੱਖੀ ਹੱਕਾਂ ਦੀ ਉਲੰਘਣਾਂ ਦੀ ਜ਼ਗਾ ਬਣ ਗਏ ਹਨ।
ਇਹ ਆਪਣੇ ਆਪ ਨੂੰ ਕਈ ਤਰੀਕਿਆਂ ਦੇ ਨਾਲ ਜ਼ਾਹਿਰ ਕਰ ਸਕਦਾ ਹੈ।

## ਹਿੰਸਾ ਹੋ ਸਕਦੀ ਹੈ:-

ਸਰੀਰਕ - ਮਾਨਸਿਕ - ਜਿਨਸੀ - ਦੁਨਿਆਵੀ - ਵਜੂਦ

ਕੀ ਤੁਹਾਨੂੰ ਕਿਸੇ ਦੇ ਨਾਲ ਗੱਲ ਬਾਤ ਕਰਨ ਦੀ ਜ਼ਰੂਰਤ ਹੈ? - ਕੋਈ ਜਿਸਦਾ ਤੁਸੀਂ ਯਕੀਨ ਕਰ ਸਕਦੇ ਹੋਵੋ?

ਅਸੀਂ ਤੁਹਾਡੇ ਲਈ ਇਥੇ ਹਾਂ।

-----------------

## ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ :

. ਤੁਹਾਡੇ ਲਈ ਅਤੇ ਤੁਹਾਡੇ ਬੱਚਿਆਂ ਦੇ ਰਹਿਣ ਲਈ ਥੋੜੇ ਸਮੇ ਲਈ ਜਗਾ।
. ਕੋਈ, ਜੋ ਕਿ, ਜੋ ਕੁਝ ਤੁਸੀ ਕਹਿਣਾਂ ਚਾਹੁੰਦੇ ਹੋ ਨੂੰ ਚੰਗੀ ਤਰਾਂ ਸੁਣੇਗਾ।
. ਤੁਹਾਡੇ ਹੱਕਾਂ ਅਤੇ ਮੌਕਿਆਂ ਦੇ ਬਾਰੇ ਜਾਣਕਾਰੀ।
. ਡਾਕਟਰ, ਵਕੀਲ, ਪੁਲਿਸ, ਸ਼ੋਸਲ ਸਰਵਿਸਸ ਅਤੇ ਬਾਕੀ ਦਫ਼ਤਰਾਂ ਨਾਲ ਸੰਪਰਕ ਕਰਨ ਵਿੱਚ ਮੱਦਦ।
. ਜੇਕਰ ਜ਼ਰੂਰਤ ਹੋਵੇ ਤਾਂ ਸਹਾਇਤਾ ਅਤੇ ਸੁਰਿਖੱਆ।
. ਜੇਕਰ ਤੁਸੀ ਚਾਹੁਦੇ ਹੋ ਤਾਂ ਤੁਹਾਡੇ ਕੇਸ ਅਤੇ ਸਥਿਤੀ ਦੇ ਬਾਰੇ ਪੈਰਵਹੀ।
. ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਲਈ ਕਈ ਤਰਾਂ ਦੇ ਮੱਦਦ ਦੇ ਰਾਹ।

## ਜਦੋਂ ਤੱਕ ਤੁਸੀਂ ਸਾਡੇ ਨਾਲ ਹੋ ਤਾਂ ਫੈਸਲਾ ਤੁਸੀ ਹੀ ਕਰਦੇ ਹੋ।

ਤੁਹਾਡੀ ਜ਼ਿੰਦਗੀ ਤੁਹਾਡੀ ਹੀ ਜ਼ਿੰਮੇਵਾਰੀ ਹੈ। ਸਾਡਾ ਕਰਤੱਬ ਤੁਹਾਨੂੰ ਜ਼ਰੂਰੀ ਜਾਣਕਾਰੀ ਦੇਣਾਂ ਹੈ ਅਤੇ ਚੰਗੀ ਜ਼ਿੰਦਗੀ ਬਣਾਉਣ ਦੇ ਰਸਤੇ ਵਿੱਚ ਮੱਦਦ ਕਰਨਾਂ। ਅਸੀਂ ਕਦੇ ਵੀ ਤੁਹਾਡੇ ਵਾਸਤੇ ਫੈਸਲੇ ਕਰਨ ਦੀ ਕੋਸ਼ਿਸ ਨਹੀਂ ਕਰਾਂਗੇ - ਤੁਹਾਨੂੰ ਆਪਣੇ ਫੈਸਲੇ ਖੁਦ ਕਰਨ ਦਾ ਹੱਕ ਹੈ।

## ਨੌਰਵੇਹ ਵਿੱਚ ਅਣਜਾਣ?

ਅਸੀਂ ਅਕਸਰ ਦੂਸਰੇ ਦੇਸ਼ਾਂ ਅਤੇ ਸਭਿਆਚਾਰਾਂ ਤੋਂ ਔਰਤਾਂ ਨੂੰ ਮਿਲਦੇ ਹਾਂ।
ਅਸੀਂ ਤੁਹਾਨੂੰ ਤੁਹਾਡੇ ਹੱਕ ਸਮਝਣ ਵਿੱਚ ਮੱਦਦ ਕਰ ਸਕਦੇ ਹਾਂ ਅਤੇ ਇਥੇ ਨੌਰਵੇਹ ਵਿੱਚ ਤੁਹਾਡੇ ਲਈ ਮੌਕੇ ਸਮਝਣ ਵਿੱਚ ਮੱਦਦ ਕਰ ਸਕਦੇ ਹਾਂ।

## ਆਪਣੀ ਮੱਦਦ ਖੁਦ ਕਰਨ ਵਿੱਚ ਮੱਦਦ।

"ਅਸੀਂ ਆਪਣੀਂ ਮੱਦਦ ਖੁਦ ਕਰਨ ਵਿੱਚ ਮੱਦਦ" ਦੇ ਨਿਯਮ ਤੇ ਕੰਮ ਕਰਦੇ ਹਾਂ ।ਸਾਡਾ ਉਦੇਸ਼ ਇਹ ਯਕੀਨੀ ਬਣਾਉਣਾਂ ਹੈ ਕਿ ਜੋ ਮੱਦਦ ਤੁਹਾਨੂੰ ਚਾਹੀਦੀ ਹੈ, ਉਹ ਮਿਲੇ ਤਾਂ ਕਿ ਤੁਸੀਂ ਚੰਗਾ ਭਵਿੱਖ ਬਣਾਉਣ ਵਿੱਚ ਆਪਣੀ ਮੱਦਦ ਖੁਦ ਕਰ ਸਕੋ।

## ਪੂਰਾ ਭਰੋਸਾ - ਪੂਰੀ ਤਰਾਂ ਗੁਪਤ।

ਨੌਰਵੇਹ ਵਿੱਚ ਸਾਰੇ ਕਰਾਇਸਸ ਸੈਂਟਰਾਂ ਨੂੰ ਜਾਣਕਾਰੀ ਗੁਪਤ ਰੱਖਣ ਲਈ ਸੂੰਹ ਦਿੱਤੀ ਗਈ ਹੁੰਦੀ ਹੈ।